ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-5ਸ਼ਾਖਾ)

**ਹੁਕਮ**

ਸਿੱਖਿਆ ਵਿਭਾਗ(ਸਕੂਲਜ਼) ਵਿੱਚ ਕੰਮ ਕਰ ਰਹੇ ਲੈਕਚਰਾਰਾਂ/ਵੋਕੇਸ਼ਨਲ, ਲੈਕਚਰਾਰ/ਮਾਸਟਰਾਂ ਅਤੇ ਹੈੱਡਮਾਸਟਰਾਂ ਨੂੰ ਪੀ.ਈ.ਐਸ.(ਸਕੂਲ ਤੇ ਇੰਸਪੈਕਸ਼ਨ) ਗਰੁੱਪ-ਏ ਵਿੱਚ ਬਤੌਰ ਪ੍ਰਿੰਸੀਪਲ ਪਦ-ਉੱਨਤੀਆਂ ਕਰਨ ਲਈ ਮਿਤੀ 22.11.2019 ਨੂੰ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਰੱਖੀ ਗਈ। ਵਿਭਾਗੀ ਤਰੱਕੀ ਕਮੇਟੀ ਵੱਲੋਂ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਹੇਠ ਲਿਖੇ ਲੈਕਚਰਾਰਾਂ/ਵੋਕੇਸ਼ਨਲ, ਲੈਕਚਰਾਰ/ਮਾਸਟਰਾਂ ਅਤੇ ਹੈੱਡਮਾਸਟਰਾਂ ਨੂੰ ਪੀ.ਈ.ਐਸ.(ਸਕੂਲ ਤੇ ਇੰਸਪੈਕਸ਼ਨ)ਗਰੁੱਪ-ਏ ਰੂਲਜ਼,2018 ਅਨੁਸਾਰ ਪੇਅ ਸਕੇਲ 15600-39100+6600 ਗ੍ਰੇਡ ਪੇਅ ਵਿੱਚ ਪ੍ਰੋਵੀਜ਼ਨਲ ਤੌਰ ਤੇ ਪੀ.ਈ.ਐਸ.(ਸਕੂਲ ਤੇ ਇੰਸਪੈਕਸ਼ਨ)ਗਰੁੱਪ-ਏ ਵਿੱਚ ਬਤੌਰ ਪ੍ਰਿੰਸੀਪਲ ਪਦ-ਉੱਨਤ ਕੀਤਾ ਜਾਂਦਾ ਹੈ:-

ਲੈਕਚਰਾਰ ਕਾਡਰ (ਦਿਵਿਆਂਗ ਵਰਗ)

| ਲੜੀਨੰ ਃ | ਸੀਨੀਆਰਤਾ ਨੰਃ | ਕਰਮਚਾਰੀ ਦਾ ਨਾਮ/ ਵਰਤਮਾਨ ਸਟੇਸ਼ਨ | ਅਲਾਟ ਕੀਤਾ ਗਿਆ ਸਟੇਸ਼ਨ |
|---|---|---|---|
| 1 | 6838 | ਕਰਮਪਾਲ, ਲੈਕਃ ਅੰਗਰੇਜੀ (ਹੀਰਿੰਗ ਇੰਪਿਅਰਡ), ਸਸਸਸ, ਸੇਹਰਾ ਪਟਿਆਲਾ | ਸਸਸਸ ਅਨਦਾਨਾ ਸੰਗਰੂਰ |

2. ਉਪਰੋਕਤ ਸਕੂਲ ਲੈਕਚਰਾਰਾਂ/ਵੋਕੇਸ਼ਨਲ, ਲੈਕਚਰਾਰ/ਮਾਸਟਰਾਂ ਅਤੇ ਹੈੱਡਮਾਸਟਰਾਂ ਦੀਆਂ ਪਦ-ਉੱਨਤੀਆਂ ਪੰਜਾਬ ਐਜੂਕੇਸ਼ਨਲ ਸਰਵਸਿਜ਼ (ਗਰੁੱਪ-ਏ) ਵਿੱਚ ਖਾਲੀ ਆਸਾਮੀਆਂ ਵਿਰੁੱਧ ਹੇਠ ਲਿਖੀਆਂ ਸ਼ਰਤਾਂ ਦੇ ਆਧਾਰ ਤੇ ਕੀਤੀਆਂ ਜਾਂਦੀਆਂ ਹਨ:-

ੳ) ਇਹ ਤਰੱਕੀਆਂ ਹੋਰਨਾਂ ਕੇਸਾਂ ਅਤੇ ਸੀਨੀਆਰਤਾ ਆਦਿ ਨਾਲ ਸਬੰਧਤ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ/ਮਾਨਯੋਗ ਸੁਪਰੀਮ ਕੋਰਟ ਵਿੱਚ ਚੱਲ ਰਹੇ ਕੇਸਾਂ ਦੇ ਅੰਤਿਮ ਫੈਸਲੇ ਤੇ ਨਿਰਭਰ ਹੋਣਗੀਆਂ ਜੇਕਰ ਮਾਨਯੋਗ ਅਦਾਲਤ ਵੱਲੋਂ ਕੋਈ ਅਜਿਹਾ ਆਦੇਸ਼/ਹੁਕਮ ਪ੍ਰਾਪਤ ਹੁੰਦਾ ਹੈ ਜੋ ਇਨ੍ਹਾਂ ਤਰੱਕੀਆਂ ਦੇ ਵਿਰੁੱਧ ਹੋਏ ਤਾਂ ਉਸ ਅਨੁਸਾਰ ਕਾਰਵਾਈ ਕੀਤੀ ਜਾਵੇਗੀ।ਇਸ ਤੇ ਇਲਾਵਾ CMs 14037-14038-CWP-2019 in CWP No.31168 of 2018 and CMs-14077-14079-CWP-2019 in CWP No. 30049 of 2018 ਵਿੱਚ ਮਾਨਯੋਗ ਹਾਈਕੋਰਟ ਵੱਲੋਂ, ਹੇਠ ਲਿਖੇ ਅਨੁਸਾਰ, ਦਿੱਤਾ ਗਿਆ ਫੈਸਲਾ ਮੰਨਣਯੋਗ ਹੋਵੇਗਾ।

"Notice in the applications to learned counsel for the non-applicants for 1.10.2019.

The promotions,if any,made shall abide by the final outcome of this writ petitions.

A photocopy of this order be placed on the file of connected case."

ਜੇਕਰ ਇਨ੍ਹਾਂ ਰਿੱਟ ਪਟੀਸ਼ਨਾਂ ਵਿੱਚ ਮਾਨਯੋਗ ਅਦਾਲਤ ਵੱਲੋਂ ਕੋਈ ਅਜਿਹਾ ਫੈਸਲਾ/ਹੁਕਮ ਪ੍ਰਾਪਤ ਹੁੰਦਾ ਹੈ ਜੋ ਇਨ੍ਹਾਂ ਤਰੱਕੀਆਂ ਦੇ ਵਿਰੁੱਧ ਹੋਵੇ ਤਾਂ ਸੀਨੀਆਰਤਾ ਮੁਤਾਬਿਕ ਇਹ ਪਦ-ਉੱਨਤੀਆਂ ਮੁੜ ਵਿਚਾਰਨ ਯੋਗ ਹੋਣਗੀਆਂ।

ਅ) ਇਹ ਤਰੱਕੀਆਂ ਬਿਲਕੁਲ ਆਰਜ਼ੀ ਹੋਣਗੀਆਂ। ਪੀ.ਈ.ਐਸ ਗਰੁੱਪ-ਏ ਦੀ ਸੀਨੀਆਰਤਾ ਬਾਅਦ ਵਿੱਚ ਨਿਰਧਾਰਿਤ ਕੀਤੀ ਜਾਵੇਗੀ।

ੲ) ਇਨ੍ਹਾਂ ਅਧਿਕਾਰੀਆਂ ਦਾ ਪਰਖਕਾਲ ਇੱਕ ਸਾਲ ਜਾਂ ਪੰਜਾਬ ਲੋਕ ਸੇਵਾ ਕਮਿਸ਼ਨ ਤੋਂ ਪ੍ਰਵਾਨਗੀ ਹੋਣ ਤੱਕ ਜਿਹੜੀ ਵੀ ਸਥਿਤੀ ਬਾਅਦ ਵਿੱਚ ਵਾਪਰੇ ਤੱਕ ਹੋਵੇਗਾ।

ਸ) ਸਰਕਾਰ ਵੱਲੋਂ ਪਦ-ਉੱਨਤੀਆਂ ਦੇ ਕੇਸਾਂ ਅਤੇ ਸੀਨੀਆਰਤਾ ਨਿਸ਼ਚਿਤ ਕਰਨ ਲਈ ਲਏ ਗਏ ਫੈਸਲੇ ਸਬੰਧਤ ਪਦ-ਉੱਨਤ ਸਾਰੇ ਅਧਿਕਾਰੀਆਂ ਲਈ ਮੰਨਣਯੋਗ ਹੋਣਗੇ।

3. ਸਬੰਧਤ ਅਧਿਕਾਰੀ ਆਪਣੀ ਹਾਜ਼ਰੀ ਸੱਤ ਦਿਨਾਂ ਦੇ ਅੰਦਰ-ਅੰਦਰ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ)ਪਾਸ ਦੇਣੀ ਯਕੀਨੀ ਬਣਾਉਣਗੇ, ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਨਿਯਮਾਂ ਅਨੁਸਾਰ ਤਰੱਕੀ ਤੋਂ ਡੀਬਾਰ ਕਰ ਦਿੱਤਾ ਜਾਵੇਗਾ।

4. ਵੋਕੇਸ਼ਨਲ ਲੈਕਚਰਾਰਾਂ/ਮਾਸਟਰਾਂ ਦਾ ਰਿਕਾਰਡ ਪੂਰਾ ਨਾ ਹੋਣ ਦੀ ਸੂਰਤ ਵਿੱਚ ਇਨ੍ਹਾਂ ਕਰਮਚਾਰੀਆਂ ਦੀ ਬਤੌਰ ਪੀ.ਈ.ਐਸ ਗਰੁੱਪ-ਏ ਤਰੱਕੀ ਦੇ ਹੁਕਮ ਹਾਲ ਦੀ ਘੜੀ ਪੈਂਡਿੰਗ ਰੱਖੇ ਜਾਂਦੇ ਹਨ। ਇਨ੍ਹਾਂ ਕਰਮਚਾਰੀਆਂ ਦਾ ਰਿਕਾਰਡ ਮੁਕੰਮਲ ਹੋਣ ਉਪਰੰਤ ਤਰੱਕੀ ਦੇ ਹੁਕਮ ਉਕਤ ਹੁਕਮਾਂ ਦੀ ਲਗਾਤਾਰਤਾ ਵਿੱਚ ਜਾਰੀ ਕੀਤੇ ਜਾਣਗੇ।

ਕ੍ਰਿਸ਼ਨ ਕੁਮਾਰ, ਆਈ.ਏ.ਐਸ,
ਸਕੱਤਰ,ਪੰਜਾਬ ਸਰਕਾਰ,
ਸਿੱਖਿਆ ਵਿਭਾਗ(ਸਕੂਲਜ਼)

ਮਿਤੀ,ਚੰਡੀਗੜ੍ਹ:
29.11.2019

ਪਿੱਠ ਅੰਕਣ ਨੰ:1/103/2018-2ਸਿ4(ਪਫ)/1943 ਮਿਤੀ, ਚੰਡੀਗੜ੍ਹ: 29.11.2019

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਮਹਾਂਲੇਖਾਕਾਰ (ਏ ਐਂਡ ਈ),ਆਡਿਟ ਵਿੰਗ, ਪੰਜਾਬ,ਚੰਡੀਗੜ੍ਹ।
2. ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ,ਪਟਿਆਲਾ।
3. ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ ਨੂੰ ਲਿਖਿਆ ਜਾਂਦਾ ਹੈ ਕਿ ਹਾਜ਼ਰ ਹੋਏ ਅਧਿਕਾਰੀਆਂ ਅਤੇ ਨਾ ਹਾਜ਼ਰ ਹੋਏ ਅਧਿਕਾਰੀਆਂ ਦੀ ਕੰਪਾਈਲਡ ਰਿਪੋਰਟ ਤਿਆਰ ਕਰਕੇ ਸਰਕਾਰ ਨੂੰ ਬਿਨ੍ਹਾਂ ਕਿਸੇ ਦੇਰੀ ਤੋਂ ਭੇਜਣੀ ਯਕੀਨੀ ਬਣਾਈ ਜਾਵੇ।
4. ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ),ਪੰਜਾਬ।
5. ਡਾਇਰੈਕਟਰ ਸਿੱਖਿਆ ਵਿਭਾਗ(ਐ:ਸਿ),ਪੰਜਾਬ।
6. ਡਾਇਰੈਕਟਰ ਐਸ.ਸੀ.ਈ.ਆਰ.ਟੀ,ਪੰਜਾਬ।
7. ਡਾਇਰੈਕਟਰ ਸਿੱਖਿਆ ਵਿਭਾਗ,ਚੰਡੀਗੜ੍ਹ ਪ੍ਰਸਾਸ਼ਨ, ਚੰਡੀਗੜ੍ਹ।
8. ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ/ਐ:ਸਿ), ਪੰਜਾਬ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਅਧਿਕਾਰੀਆਂ ਵਿਰੁੱਧ ਬਤੌਰ ਲੈਕਚਰਾਰ/ਹੈੱਡ ਮਾਸਟਰ/ਵੋਕੇਸ਼ਨਲ ਲੈਕਚਰਾਰ ਜੇਕਰ ਕੋਈ ਵਿਭਾਗੀ ਕਾਰਵਾਈ ਚੱਲ ਰਹੀ ਹੈ ਤਾਂ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਜਾਵੇ।
9. ਸਬੰਧਤ ਅਧਿਕਾਰੀ।

ਸੁਪਰਡੰਟ